Ph. 222224, 234897

# ਮਾਰਕਫੈਡ ਮਾਨਸਾ

## ਸਥਿਤੀ

ਇਹ ਦਫ਼ਤਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਪਿਛਲੇ ਪਾਸੇ ਰਾਮ ਰੱਖੇ ਵਾਲੀ ਗਲੀ ਵਿੱਚ ਸਥਿਤ ਹੈ ਅਤੇ ਇਸ ਦਾ ਇੰਚਾਰਜ ਜ਼ਿਲ੍ਹਾ ਪ੍ਰਬੰਧਕ ਹੁੰਦਾ ਹੈ। ਮਾਰਕਫੈਡ ਦਾ ਉਦੇਸ਼ ਸੈਂਟਰਲ ਪੂਲ ਦੇ ਤਹਿਤ ਖਰੀਦ ਏਜੰਸੀ ਵਜੋਂ ਕਣਕ ਅਤੇ ਝੋਨੇ ਦੀ ਖਰੀਦ ਕਰਨਾ ਹੈ ਅਤੇ ਇਸ ਤੋਂ ਇਲਾਵਾ ਇਹ ਖਾਦ, ਕੀੜੇਮਾਰ ਦਵਾਈਆਂ, ਨਦੀਨ ਨਾਸ਼ਕ ਦਵਾਈਆਂ, ਪਸ਼ੂ ਖੁਰਾਕ ਆਦਿ ਦੀ ਵਿਕਰੀ ਕਿਸਾਨਾਂ ਅਤੇ ਸਹਿਕਾਰੀ ਸਭਾਵਾਂ ਨੂੰ ਕਰਨਾ ਹੈ ਤਾਂ ਜੋ ਕਿਸਾਨਾਂ ਨੂੰ ਚੰਗੀ ਕੁਆਲਿਟੀ ਅਤੇ ਵਾਜ਼ਬ ਰੇਟ ਉੱਤੇ ਇਹ ਜਿਨਸਾਂ ਮੁਹੱਈਆ ਹੋ ਸਕਣ।

## ਪ੍ਰਬੰਧਕ ਢਾਂਚਾ

1. ਮਾਰਕਫੈਡ ਦੀ ਲਗਭਗ ਬਲਾਕ ਪੱਧਰ ਤੇ ਇੱਕ ਸ਼ਾਖਾ ਹੈ। ਜ਼ਿਲ੍ਹਾ ਮਾਨਸਾ ਵਿੱਚ ਕੁੱਲ ਪੰਜ ਬਰਾਂਚਾਂ ਹਨ ਜੋ ਮਾਨਸਾ, ਬੁਢਲਾਡਾ, ਸਰਦੂਲਗੜ੍ਹ, ਬਰੇਟਾ ਅਤੇ ਭੀਖੀ ਵਿਖੇ ਸਥਿਤ ਹਨ। ਮਾਰਕਫੈਡ ਦੀ ਕਾਂਰਗੁਜਾਰੀ ਬ੍ਰਾਂਚ ਪੱਧਰ ਤੇ ਹੁੰਦੀ ਹੈ ਜਿਸ ਦਾ ਇੰਚਾਰਜ ਬਰਾਂਚ ਮੈਨੇਜਰ ਹੁੰਦਾ ਹੈ। ਕਣਕ/ਖਾਦ ਦੀ ਸਟੋਰੇਜ਼/ਵੰਡ ਆਦਿ ਦੇ ਕੰਮ ਵਾਸਤੇ ਫੀਲਡ ਅਫ਼ਸਰ ਹੁੰਦਾ ਹੈ ਅਤੇ ਸੇਲਜਮੈਨ ਉਸ ਦੀ ਸਹਾਇਤਾ ਕਰਦੇ ਹਨ। ਇਹਨਾਂ ਸਾਰਿਆਂ ਨੂੰ ਕੰਟਰੋਲ/ਹਿਸਾਬ ਕਿਤਾਬ ਕਰਨ ਵਾਸਤੇ ਜ਼ਿਲ੍ਹਾ ਦਫ਼ਤਰ ਵਿਖੇ ਅਮਲਾ ਹੁੰਦਾ ਹੈ। ਅਦਾਇਗੀਆਂ ਅਤੇ ਆਮਦਨ ਦੇ ਹਿਸਾਬ ਕਿਤਾਬ ਦਾ ਲੇਖਾ ਜੋਖਾ ਅਕਾਊਂਟਸ ਸਟਾਫ਼ ਕਰਦਾ ਹੈ ਜਿੰਨ੍ਹਾਂ ਦਾ ਇੰਚਾਰਜ ਉਚ ਲੇਖਾ ਅਫ਼ਸਰ ਹੁੰਦਾ ਹੈ। ਇਸ ਤਰ੍ਹਾਂ ਫੀਲਡ ਦੇ ਕੰਮ ਦਾ ਇੰਚਾਰਜ ਤਕਨੀਕੀ ਅਫ਼ਸਰ ਹੁੰਦਾ ਹੈ। ਖਾਦ, ਕੀੜੇਮਾਰ ਦਵਾਈਆਂ ਅਤੇ ਪਸ਼ੂ ਖੁਰਾਕ ਦੀ ਵਿਕਰੀ ਅਤੇ ਭੰਡਾਰ ਰੋਜ਼ਾਨਾ ਰਿਵੀਊ ਕਰਨ ਵਾਸਤੇ ਜ਼ਿਲ੍ਹਾ ਦਫ਼ਤਰ ਵਿਖੇ ਐਫ.ਐਸ.ਓ. ਹੁੰਦਾ ਹੈ। ਜ਼ਿਲ੍ਹਾ ਦਫ਼ਤਰ ਅਤੇ ਸਾਰੀਆਂ ਬਰਾਂਚਾਂ ਦਾ ਇੰਚਾਰਜ ਜ਼ਿਲ੍ਹਾ ਪ੍ਰਬੰਧਕ ਹੁੰਦਾ ਹੈ।

## ਕਣਕ ਅਤੇ ਝੋਨੇ ਦੀ ਖਰੀਦ ਅਤੇ ਭੰਡਾਰ

2. ਮਾਰਕਫੈਡ ਨੇ ਸਾਲ 2004-05 ਦੌਰਾਨ ਬਤੌਰ ਖਰੀਦ ਏਜੰਸੀ 118372 ਟਨ ਕਣਕ ਦੀ ਅਤੇ 114401 ਟਨ ਪੈਡੀ ਦੀ ਖਰੀਦ ਕੀਤੀ ਹੈ ਜੋ ਸੈਂਟਰਲ ਪੂਲ ਨੂੰ ਦੇਣ ਵਾਸਤੇ ਮਾਰਕਫੈਡ ਅਤੇ ਪ੍ਰਾਈਵੇਟ ਗੁਦਾਮਾਂ/ਸ਼ੈਲਰਾਂ ਵਿੱਚ ਭੰਡਾਰ ਕੀਤੀ ਗਈ ਹੈ। ਮਾਰਕਫੈਡ ਕੋਲ ਆਪਣੀ ਕੁਲ ਗੁਦਾਮ ਭੰਡਾਰ ਕਵਰਡ ਸਮਰੱਥਾ 24500 ਟਨ ਅਤੇ ਓਪਨ 140600 ਟਨ ਹੈ ਜੋ ਕਣਕ ਅਤੇ ਖਾਦ ਭੰਡਾਰ ਕਰਨ ਵਾਸਤੇ ਵਰਤੇ ਜਾ ਰਹੇ ਹਨ।

## ਖਾਦ ਅਤੇ ਕੀੜੇਮਾਰ ਦਵਾਈਆਂ

3. ਮਾਰਕਫੈਡ ਸਹਿਕਾਰੀ ਸੰਸਥਾ ਹੋਣ ਕਰਕੇ ਪੇਂਡੂ ਸਹਿਕਾਰੀ ਸਭਾਵਾਂ ਨੂੰ ਖਾਦ ਅਤੇ ਕੀੜੇਮਾਰ ਦਵਾਈਆਂ ਦੀ ਵੰਡ ਇਹਨਾਂ ਦੇ ਬੂਹੇ ਤੱਕ ਕਰਦੀ ਹੈ। ਖਾਦ ਦੇ ਰੇਟ ਸਰਕਾਰ ਵੱਲੋਂ ਬਣਾਈ ਗਈ ਕਮੇਟੀ, ਜਿਸਦਾ ਮੁਖੀ ਰਜਿਸਟਰਾਰ,

ਸਹਿਕਾਰੀ ਸਭਾਵਾਂ ਪੰਜਾਬ ਚੰਡੀਗੜ੍ਹ ਹੁੰਦੇ ਹਨ, ਵੱਲੋਂ ਮਿੱਥੇ ਜਾਂਦੇ ਹਨ। ਮਾਰਕਫੈਡ ਦੇ ਬਤੌਰ ਵੰਡ ਏਜੰਸੀ ਹੋਣ ਕਰਕੇ ਬਜ਼ਾਰ ਵਿੱਚ ਖਾਦ ਦਾ ਭਾਅ ਕੰਟਰੋਲ ਵਿੱਚ ਰਹਿੰਦਾ ਹੈ, ਨਹੀਂ ਤਾਂ ਪ੍ਰਾਈਵੇਟ ਅਦਾਰਿਆਂ ਵੱਲੋਂ ਖਾਦ ਦਾ ਰੇਟ ਮਨ ਮਰਜ਼ੀ  ਵਾਲਾ ਲਿਆ ਜਾ ਸਕਦਾ ਹੈ। ਜ਼ਿਲ੍ਹਾ ਮਾਨਸਾ ਵਿੱਚ ਖਾਦ ਦੀ ਸਪਲਾਈ ਮੁੱਖ ਤੌਰ ਤੇ ਖਾਦ ਬਨਾਉਣ ਵਾਲੀਆਂ ਏਜੰਸੀਆਂ ਕੋਲੋਂ ਸਿੱਧੇ ਤੌਰ ਤੇ ਮੁੱਖ ਦਫ਼ਤਰ ਰਾਹੀਂ ਕੀਤੀ ਜਾਂਦੀ ਹੈ ਜਿਵੇਂ ਐਨ.ਐਫ.ਐਲ., ਕਰਿਭਕੋ, ਇਫਕੋ, ਓਸਵਾਲ ਆਦਿ। ਜਿੱਥੋਂ ਤੱਕ ਕੀੜੇਮਾਰ ਦਵਾਈਆਂ ਦਾ ਸਬੰਧ ਹੈ, ਉਹ ਮਾਰਕਫੈਡ ਵੱਲੋਂ ਸਬੰਧਿਤ ਕੰਪਨੀ ਦੇ ਪਲਾਂਟ ਤੋਂ ਜਿੱਥੇ ਦਵਾਈ ਬਣਾਈ ਜਾਂਦੀ ਹੈ, ਸਿੱਧੇ ਤੋਰ ਤੇ ਮੰਗਵਾਈਆਂ ਜਾਂਦੀਆਂ ਹਨ। ਬਾਅਦ ਵਿੱਚ ਉਹ ਜ਼ਿਲ੍ਹੇ ਵਿੱਚ ਬਰਾਂਚ ਸੁਸਾਇਟੀਆਂ ਰਾਹੀਂ ਵੇਚੀਆਂ ਜਾਂਦੀਆਂ ਹਨ।

## ਪਸ਼ੂ ਖੁਰਾਕ

4. ਮਾਰਕਫੈਡ ਆਈ.ਐਸ.ਆਈ, ਮਾਰਕਾ ਪਸ਼ੂ ਖੁਰਾਕ ਕਪੂਰਥਲਾ ਅਤੇ ਗਿੱਦੜਬਾਹਾ ਪਲਾਂਟ ਵਿਖੇ ਬਣਾਉਂਦੀ ਹੈ ਪਸ਼ੂ ਖੁਰਾਕ ਦੇ ਤੱਤ ਆਈ.ਐਸ.ਆਈ. ਦੇ ਪੈਮਾਨੇ ਤੇ ਪੂਰੇ ਉੱਤਰਦੇ ਹਨ ਅਤੇ ਇਸ ਦੀ ਵਿਕਰੀ ਵੀ ਇਸ ਜ਼ਿਲ੍ਹੇ ਵਿੱਚ ਸਥਿਤ ਬ੍ਰਾਂਚਾਂ ਅਤੇ ਸਹਿਕਾਰੀ ਸਭਾਵਾਂ ਰਾਹੀਂ ਕੀਤੀ ਜਾਂਦੀ ਹੈ।

## ਖਾਣਯੋਗ ਉਤਪਾਦ

5. ਮਾਰਕਫੈਡ ਦੇ ਆਪਣੇ ਪਲਾਂਟ ਵਿੱਚ ਘਿਓ, ਅਤੇ ਰੀਫਾਇੰਡ ਤੇਲ ਆਦਿ ਬਣਾਏ ਜਾਂਦੇ ਹਨ, ਜਿਨਾਂ ਦੀ ਵਿਕਰੀ ਮਾਰਕਫੈਡ ਬ੍ਰਾਂਚਾਂ ਰਾਹੀਂ ਅਤੇ ਡੀਲਰਾਂ ਰਾਹੀਂ ਕੀਤੀ ਜਾਂਦੀ ਹੈ। ਮਾਰਕਫੈਡ ਦਾ ਜਲੰਧਰ ਵਿਖੇ ਖਾਣ ਪੀਣ ਵਾਲੀਆਂ ਵਸਤਾਂ ਤਿਆਰ ਕਰਨ ਦਾ ਕੈਨਰੀਜ ਪਲਾਂਟ ਹੈ ਜਿਸ ਵਿੱਚ ਵੱਖ-ਵੱਖ ਤਰ੍ਹਾਂ ਦਾ ਖਾਣ-ਪੀਣ ਦਾ ਸਮਾਨ ਦਾਲ ਮੱਖਣੀ, ਕੜ੍ਹੀ ਪਕੌੜਾ, ਸਾਗ, ਰਾਜਮਾਂਹ ਆਦਿ ਬਣਾਏ ਜਾਂਦੇ ਹਨ। ਇਸ ਤੋਂ ਇਲਾਵਾ ਗਰਮੀਆਂ ਵਿੱਚ ਗੁਲਾਬ ਸ਼ਰਬਤ, ਪਾਈਨ ਐਪਲ ਸ਼ਰਬਤ, ਟਮਾਟੋ ਕੈਚ ਅਪ, ਜੈਮ ਆਦਿ ਵੀ ਇੱਥੇ ਤਿਆਰ ਕੀਤੇ ਜਾਂਦੇ ਹਨ। ਇਹਨਾਂ ਸਾਰੀਆਂ ਵਸਤਾਂ ਦੀ ਵਿਕਰੀ ਮਾਰਕਫੈਡ ਦੀਆਂ ਬਰਾਂਚਾਂ ਰਾਹੀਂ ਕੀਤੀ ਜਾਂਦੀ ਹੈ। ਇੱਥੇ ਬਾਸਮਤੀ ਚਾਵਲ ਵੀ ਵੇਚੇ ਜਾਂਦੇ ਹਨ।

ਉਪਰੋਕਤ ਸਾਰੀਆਂ ਵਸਤਾਂ ਜੋ ਮਾਰਕਫੈਡ ਵੱਲੋਂ ਬਣਾਈਆਂ ਜਾਂਦੀਆਂ ਹਨ ਉਹ ਨਾਂ ਸਿਰਫ਼ ਮਾਰਕਫੈਡ ਬਰਾਂਚਾਂ ਨੂੰ ਸਗੋਂ ਆਮ ਜਨਤਾ ਨੂੰ ਵੀ ਵੇਚੀਆਂ ਜਾਂਦੀਆਂ ਹਨ। ਮਾਰਕਫੈਡ ਏਸ਼ੀਆ ਵਿੱਚ ਸਭ ਤੋਂ ਵੱਡੀ ਸਹਿਕਾਰੀ ਸੰਸਥਾ ਹੈ ਜਿਸਦਾ ਮੰਤਵ ਮਾਰਕਿਟ ਵਿੱਚ ਸੰਤੁਲਨ ਰੱਖਣਾ ਹੈ, ਨਾਂ ਕਿ ਲਾਭ ਕਮਾਉਣ ਦਾ। ਇਸੇ ਕੜੀ ਤਹਿਤ ਮਾਰਕਫੈਡ ਨੂੰ ਜੋ ਵੀ ਲਾਭ ਹੁੰਦਾ ਹੈ ਉਹ ਸਮੇਂ-ਸਮੇਂ ਸਿਰ ਮਾਰਕਫੈਡ ਦੀਆਂ ਮੈਂਬਰ ਸੁਸਾਇਟੀਆਂ ਨੂੰ ਵੰਡਿਆ ਜਾਂਦਾ ਹੈ। ਇਸੇ ਤਰ੍ਹਾਂ ਕਣਕ ਅਤੇ ਝੋਨੇ ਦੀ ਖਰੀਦ ਵਿੱਚ ਵੀ ਮਾਰਕਫੈਡ ਅੱਗੇ ਹੈ ਅਤੇ 1 ਰੁ: ਪ੍ਰਤੀ ਕੁਇੰਟਲ ਕੋ-ਆਪਰੇਟਿਵ ਮਾਰਕਿਟਿੰਗ ਸਭਾ ਨੂੰ ਪ੍ਰੋਫਿਟ ਮਾਰਜਿੰਨ ਵਜੋਂ ਦਿੰਦੀ ਹੈ ਤਾਂ ਜੋ ਸਹਿਕਾਰੀ ਸੰਸਥਾਵਾਂ ਦੀ ਮੱਦਦ ਕੀਤੀ ਜਾ ਸਕੇ।